B4019734

# PUNJABI
## (Second Language)

***Maximum Marks : 80***

***Time Allowed : Three Hours***

1. *Answers to this Paper must be written on the paper provided separately.*
2. *You will **not** be allowed to write during the first 15 minutes.*
3. *This time is to be spent in reading the question paper.*
4. ***The time given at the head of this Paper is the time allowed for writing the answers.***

5. *This paper comprises two Sections; **Section A** and **Section B.***
6. *Attempt **all** the questions from **Section A**.*
7. *Attempt **four** questions from **Section B**, answering at least **one** question each from the **two** books you have studied and **any two** other questions from the same books that you have compulsorily chosen.*
8. *The intended marks for questions or parts of questions are given in brackets [ ].*

***Instruction for the Supervising Examiner***

*Kindly read aloud the instructions given above to all the candidates present in the Examination Hall.*


© *Copyright reserved*

## SECTION—A (40 Marks)

*Attempt **all** questions from this section.*

**Question 1**

Write a short composition in **Punjabi** of approximately **250** words on any **one** of the following topics :— [15]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਘੱਟੋ-ਘੱਟ **250** ਸ਼ਬਦਾਂ ਦਾ ਲੇਖ **ਪੰਜਾਬੀ** ਵਿੱਚ ਲਿਖੋ :—

(i) ਕਈ ਵਾਰ ਸਾਡੇ ਨਾਲ ਵਾਪਰੀਆਂ ਘਟਨਾਵਾਂ ਸਾਡੇ ਜੀਵਨ ਦੀ ਦਿਸ਼ਾ ਬਦਲ ਦਿੰਦੀਆਂ ਹਨ। ਆਪਣੇ ਨਾਲ ਵਾਪਰੀ ਕਿਸੇ ਅਜਿਹੀ ਚੰਗੀ ਘਟਨਾ ਬਾਰੇ ਲਿਖੋ, ਜਿਸ ਨੇ ਤੁਹਾਡੇ ਜੀਵਨ ਦੀ ਦਿਸ਼ਾ ਨੂੰ ਬਦਲ ਦਿੱਤਾ ਹੋਵੇ।

(ii) 'ਖਾਣ-ਪੀਣ ਦੀਆਂ ਆਦਤਾਂ ਵਿੱਚ ਸੁਧਾਰ ਕਰਕੇ ਅਸੀਂ ਬਿਮਾਰੀਆਂ ਤੋਂ ਬਚ ਸਕਦੇ ਹਾਂ।' ਇਸ ਕਥਨ ਬਾਰੇ ਲੇਖ ਲਿਖੋ।

(iii) ਕਿਸੇ ਇੱਕ ਅਜਿਹੀ ਸ਼ਖ਼ਸੀਅਤ ਬਾਰੇ ਲਿਖੋ, ਜਿਸ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੋਵੇ।

(iv) "ਬੁੱਧੀਮਾਨ ਤਾਕਤਵਰ ਹੁੰਦਾ ਹੈ।" ਇਸ ਵਿਸ਼ੇ ਨਾਲ ਸੰਬੰਧਿਤ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।

(v) ਹੇਠਾਂ ਦਿੱਤੀ ਤਸਵੀਰ ਨੂੰ ਦੇਖ ਕੇ ਤੁਹਾਡੇ ਮਨ ਵਿੱਚ ਜੋ ਵਿਚਾਰ ਜਾਂ ਖਿਆਲ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਘਟਨਾ ਜਾਂ ਮੌਲਿਕ ਕਹਾਣੀ ਜਾਂ ਲੇਖ ਰਾਹੀ ਪੇਸ਼ ਕਰੋ।



**Question 2**

Write a letter in **Punjabi** in approximately **120** words on any **one** of the topics given below :— [7]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **120** ਸ਼ਬਦਾਂ ਦੀ ਕੋਈ **ਇੱਕ** ਚਿੱਠੀ/ਪੱਤਰ **ਪੰਜਾਬੀ** ਵਿੱਚ ਲਿਖੋ :—

(i) ਆਪਣੇ ਸਕੂਲ ਦੇ ਮੁੱਖ-ਅਧਿਆਪਕ ਨੂੰ ਪੱਤਰ ਲਿਖੋ, ਜਿਸ ਵਿੱਚ ਆਪਣੇ ਸਕੂਲ ਨੂੰ ਹੋਰ ਹਰਾ-ਭਰਾ ਅਤੇ ਸਾਫ਼-ਸੁਥਰਾ ਬਨਾਉਣ ਲਈ ਸੁਝਾਅ ਦਿਉ।

**ਜਾਂ**

(ii) ਤੁਹਾਡੇ ਸਕੂਲ ਵੱਲੋਂ ਵਿਦਿਆਰਥੀਆਂ ਦਾ ਇੱਕ ਗਰੁੱਪ ਇਤਿਹਾਸਕ ਸਥਾਨਾਂ ਦੀ ਯਾਤਰਾ 'ਤੇ ਜਾ ਰਿਹਾ ਹੈ। ਆਪਣੇ ਪਿਤਾ ਜੀ ਨੂੰ ਇਸ ਦੀ ਮਹਾਨਤਾ ਦੱਸਦੇ ਹੋਏ ਯਾਤਰਾ ਤੇ ਜਾਣ ਵਾਸਤੇ ਇਜਾਜ਼ਤ ਲੈਣ ਲਈ ਚਿੱਠੀ ਲਿਖੋ।

**Question 3**

Read the passage given below and answer in **Punjabi**, the questions that follow, using your own words as far as possible :—

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ। ਜਿੱਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦੀ ਵਰਤੋਂ ਕਰੋ :—

ਮਨੁੱਖ ਰੋਜ਼ੀ ਰੋਟੀ ਦੀ ਪ੍ਰਾਪਤੀ ਲਈ ਕੋਈ ਨਾ ਕੋਈ ਕੰਮ ਕਰਦਾ ਹੈ ਕਿਉਂਕਿ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਇਸ ਨਾਲ ਹੀ ਸੰਭਵ ਹੈ। ਇਸ ਲਈ ਹਰ ਕੋਈ ਆਪਣੇ ਵਸੀਲਿਆਂ ਮਾਨਸਿਕ ਸਮਰੱਥਾ ਤੇ ਯੋਗਤਾ ਅਨੁਸਾਰ ਕੋਈ ਨਾ ਕੋਈ ਕੰਮ ਕਰਦਾ ਹੈ। ਜਿਹੜੇ ਵਿਅਕਤੀ ਆਪਣੇ ਹੱਥੀ ਕਿਰਤ ਕਰਕੇ ਜੀਵਨ ਗੁਜ਼ਾਰਦੇ ਹਨ ਉਹਨਾਂ ਨੂੰ ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਕਿਰਤ ਦੀ ਕਮਾਈ ਪੂਜਾ-ਪਾਠ ਦੇ ਬਰਾਬਰ ਹੁੰਦੀ ਹੈ। ਕਿਰਤੀ ਮਨੁੱਖ 'ਚ ਸਹਿਜੇ ਹੀ ਬਹੁਤ ਸਾਰੇ ਗੁਣ ਉਸਦੇ ਸੁਭਾਅ ਦਾ ਅਟੁੱਟ ਅੰਗ ਬਣ ਜਾਂਦੇ ਹਨ। ਕਿਰਤ ਕਰੋ ਪਰ ਫ਼ਲ ਦੀ ਆਸ ਨਾ ਰੱਖੋ ਕਿਉਂਕਿ ਕਿਰਤ ਕਦੇ ਵਿਅਰਥ ਨਹੀਂ ਜਾਂਦੀ। ਦੂਜੇ ਪਾਸੇ ਜਿਸ ਸਰੀਰ ਨੇ ਕਦੇ, ਖੇਚਲ ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ, ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ ? ਜਿਸ ਬਿਰਛ ਨੂੰ ਨਾ ਫੁੱਲ ਹੈ ਨਾ ਫ਼ਲ ਪਰ ਉਸ ਦੀ ਠੰਢੀ ਛਾਉਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕਾਰ ਲਈ ਬਣਿਆ ਹੈ। ਕਾਰ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਇਸ ਗੱਲੋਂ ਮੁੱਕਰ ਸਕਦਾ ਹੈ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ ? ਇੱਕ ਪਾਸੇ ਲੋਕ ਹੱਥੀ ਕੰਮ ਕਰਨ ਤੋਂ ਭੱਜਦੇ ਹਨ ਪਰ ਫਿਰ ਵੀ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਆਦਿ ਕਰਦੇ ਹਨ। ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਜਿਹੜਾ ਵਿਅਕਤੀ ਕਿਰਤ ਨਹੀਂ ਕਰਦਾ, ਉਹ ਜ਼ਿੰਦਗੀ ਦੀਆਂ ਖੁਸ਼ੀਆਂ ਨੂੰ ਮਹਿਸੂਸ ਨਹੀਂ ਕਰ ਸਕਦਾ ਤੇ ਜਿਹੜਾ ਵਿਅਕਤੀ ਹਰ ਵਕਤ ਕੰਮ ਵਿੱਚ ਲੱਗਾ ਰਹਿੰਦਾ ਹੈ ਉਸ ਨੂੰ ਮਾੜਾ ਸੋਚਣ ਦੀ ਵੀ ਵਿਹਲ ਨਹੀਂ ਮਿਲਦੀ।

ਕਸਰਤ ਜੋ ਕਿ ਵਿਹਲਾ ਕੰਮ ਹੈ ਇੱਕ ਤਰ੍ਹਾਂ ਦਾ ਮੀਸਣਾਪਨ ਹੈ, ਜ਼ੋਰ ਤੇ ਸਮਾਂ ਜਿਸ ਨਾਲ ਕੁਝ ਦੌਲਤ ਰਚੀ ਜਾ ਸਕਦੀ ਹੈ ਉਹਨਾਂ ਨੂੰ ਦੂਜਿਆ ਲਈ ਵਰਤਣ ਦੀ ਥਾਂ ਖਾਸ ਆਪਣੇ ਬਣਾਉਟੀ ਸਵਾਰਥ ਲਈ ਵਰਤਿਆ ਜਾਂਦਾ ਹੈ। ਸਰੀਰ ਜੋ ਕਾਰ (ਕੰਮ) ਨਹੀਂ ਕਰਦਾ ਕੁਦਰਤ ਦੇ ਉੱਕਾ ਵਿਰੁੱਧ ਹੈ ਕਿਉਂਕਿ ਕਾਰ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਚੰਗੀ ਤਰ੍ਹਾਂ ਨਾਲ ਕੁਦਰਤੀ ਹਿਲਜੁਲ ਵਿੱਚ ਪਾ ਕੇ ਅਡੋਲ, ਸੁੰਦਰ ਤੇ ਸੁਡੋਲ ਰੱਖ ਸਕਦੀ ਹੈ। ਕਾਰ ਕਰਨ ਦੇ ਦੋ ਫਾਇਦੇ ਹੋ ਸਕਦੇ ਹਨ - ਇੱਕ ਤਾਂ ਸਮੇਂ ਦੀ ਠੀਕ ਵਰਤੋਂ ਤੇ ਦੂਸਰਾ ਕਾਰ ਕਰਨ ਨਾਲ ਸਾਡੇ ਸਰੀਰ ਦੇ ਅਰੋਗ ਰਹਿਣ ਦੇ ਨਾਲ-ਨਾਲ ਸਾਡੀ ਜੇਬ ਖ਼ਰਚ ਦਾ ਵਸੀਲਾ ਵੀ ਬਣਿਆ ਰਹਿੰਦਾ ਹੈ। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਿਰਤੀ ਮਨੁੱਖ ਨੂੰ ਆਪਣੀ ਮਿਹਨਤ ਤੇ ਵਿਸ਼ਵਾਸ ਹੁੰਦਾ ਹੈ, ਉਹ ਕਿਸਮਤ ਤੇ ਵਿਸ਼ਵਾਸ ਕਰਨ ਦੀ ਥਾਂ ਮਿਹਨਤ ਤੇ ਵਿਸ਼ਵਾਸ ਕਰਦਾ ਹੈ। ਵੱਖ-ਵੱਖ ਧਾਰਮਿਕ ਗ੍ਰੰਥਾਂ ਵਿੱਚ ਹੱਥੀਂ ਕਿਰਤ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(i) ਕਿਹੜੇ ਸਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੋ ਸਕਦੀ ? [2]

(ii) ਕਸਰਤ ਬਾਰੇ ਪੈਰ੍ਹੇ ਵਿੱਚ ਕੀ ਕਿਹਾ ਗਿਆ ਹੈ ? [2]

(iii) ਪੈਰ੍ਹੇ ਵਿੱਚ ਕਿਰਤੀ ਮਨੁੱਖ ਬਾਰੇ ਕੀ ਕਿਹਾ ਹੈ ? [2]

(iv) ਮੁਸ਼ੱਕਤ ਨਾ ਕਰਨ ਵਾਲੇ ਸਰੀਰ ਤੇ ਕੀ ਪ੍ਰਭਾਵ ਪੈਂਦਾ ਹੈ ? [2]

(v) ਸ਼ਬਦਾਂ ਦੇ ਅਰਥ ਲਿਖੋ :
ਅਕਾਰਥ, ਸੁਡੋਲ, ਮੁਸ਼ੱਕਤ, ਸਵਾਰਥ। [2]

**Question 4**

Answer the following questions according to the instructions given below :— [8]

ਹੇਠਾਂ ਦਿੱਤੇ ਨਿਰਦੇਸ਼ਾਂ ਅਨੁਸਾਰ ਉੱਤਰ ਦਿਉ :-

(i) Choose the correct meanings of the following idioms :—

ਮੁਹਾਵਰਿਆਂ ਦੇ ਸਹੀ ਅਰਥ ਚੁਣੋ :

(1) ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ
 - (a) ਸਾਫ਼ ਸਫ਼ਾਈ ਕਰਨਾ
 - (b) ਮਾਰਨਾ
 - (c) ਆਪਣੇ ਨੁਕਸ ਦੇਖਣੇ
 - (d) ਕੁਝ ਲੱਭਣਾ

(2) ਸੱਪਾਂ ਨੂੰ ਦੁੱਧ ਪਿਆਉਣਾ
 - (a) ਮੂਰਖ ਬਨਾਉਣਾ
 - (b) ਲਾਲਚ ਦੇਣਾ
 - (c) ਮਿੱਤਰਤਾ ਕਰਨੀ
 - (d) ਦੁਸ਼ਮਣ ਨਾਲ ਨੇਕੀ ਕਰਨੀ

(3) ਹੱਥ ਚੁੱਕਣਾ

(a) ਮਾਰਨਾ

(b) ਬਦਨਾਮੀ ਹੋਣਾ

(c) ਖੜ੍ਹੇ ਹੋਣਾ

(d) ਆਦਰ ਹੋਣਾ

(4) ਦੂਰੋਂ ਮੱਥਾ ਟੇਕਣਾ

(a) ਮੱਥਾ ਟੇਕਣਾ

(b) ਭੈੜੇ ਤੋਂ ਦੂਰ ਰਹਿਣਾ

(c) ਸਲਾਮ ਕਰਨੀ

(d) ਅਸ਼ੀਰਵਾਦ ਲੈਣਾ

(ii) Choose the right option :

ਸਹੀ ਉੱਤਰ ਚੁਣੋ :—

(1) ਗੁਰਜੀਤ ਕਿਤਾਬ ਪੜ੍ਹ ਰਹੀ ਸੀ।

(a) ਵਰਤਮਾਨ ਕਾਲ

(b) ਭੂਤਕਾਲ

(c) ਭਵਿੱਖਤ ਕਾਲ

(d) ਮਹਾਂਕਾਲ

(2) ਬਹੁਤੀਆਂ ਕੌਮਾਂ ਨਾਲ ਸੰਬੰਧ ਰੱਖਣ ਵਾਲਾ :

(a) ਸ਼ਾਸਤਰੀ

(b) ਦੇਸ਼ ਭਗਤ

(c) ਪਰਜਾਪਤੀ

(d) ਕੌਮਾਂਤਰੀ

(3) ਜਿਸਦੇ ਔਲਾਦ ਹੋਵੇ :

(a) ਸੌਂਤਰਾ

(b) ਔਂਤਰਾ

(c) ਅਟੁੱਟ

(d) ਅਖਾੜਾ

(4) 'ਨਿੱਘਾ' ਦਾ ਵਿਰੋਧੀ ਸ਼ਬਦ _______ ਹੈ।

(a) ਕੱਚਾ

(b) ਠਰਿਆ

(c) ਨੇੜੇ

(d) ਨਿੱਗਰ

## SECTION—B (40 Marks)

*Questions from only **two** of the following textbooks are to be answered.*

*Attempt **four** questions from this section.*

*You must answer at least **one** question from each of the **two** books, you have studied and any **two** other questions from the same books that you have chosen.*

### ਕਥਾ-ਸੰਵੇਦਨਾ

### KATHA-SAMVEDNA

**Question 5**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਕੁੜੇ, ਆਪਾਂ ਇਸ ਬੁੜ੍ਹੀ ਨੂੰ ਨਾਲ ਰਲਾ ਲਈਏ, ਪੀਤੋ ਦੋ ਕੁ ਕਦਮ ਤੁਰ ਕੇ ਇੱਕ ਪਿੱਛੇ ਆਉਂਦੀ ਬੁੱਢੀ ਵੱਲ ਇਸ਼ਾਰਾ ਕਰਕੇ ਬੋਲੀ। "ਕੱਲੀਆਂ ਨੂੰ ਤਾਂ ਆਪਾਂ ਨੂੰ ਸੜਕ ਚੋਂ ਡਰ ਲੱਗੂ।" ਰਾਹ ਵਿੱਚ ਇੱਕ ਜਰਨੈਲੀ ਸੜਕ ਸੀ, ਜਿੱਥੋਂ ਪਿੰਡ ਦੇ ਇੰਞਾਣੇ ਬੜਾ ਡਰਦੇ ਸਨ, ਕਿਉਂਕਿ ਉਥੋਂ ਕਈ ਕਿਸਮ ਦੇ ਲੋਕ ਜਾਂਗਲੀ ਤੇ ਰਾਸ਼ੇ ਲੰਘਦੇ ਸਨ।

**ਭੱਤਾ — ਸੰਤ ਸਿੰਘ ਸੇਖੋਂ**

**Bhatta — Sant Singh Sekhon**

(i) ਪੀਤੋ ਅਤੇ ਨ੍ਹਾਮੋਂ ਕੌਣ ਹਨ ? [2]

(ii) ਪੀਤੋ ਬੁੱਢੀ ਨੂੰ ਨਾਲ ਰਲਾਉਣ ਦੀ ਗੱਲ ਕਿਉਂ ਕਰ ਰਹੀ ਸੀ ? [2]

(iii) ਉਸ ਨੇ ਕਿਹੜੀ ਦਲੀਲ ਨਾਲ ਨ੍ਹਾਮੋਂ ਨੂੰ ਸਮਝਾਇਆ ਕਿ ਉਹਨਾਂ ਨੂੰ ਇਕੱਲਿਆਂ ਸੜਕ ਪਾਰ ਨਹੀਂ ਕਰਨੀ ਚਾਹੀਦੀ ? [3]

(iv) ਕਿਹੜੀਆਂ ਗੱਲਾਂ ਤੋਂ ਨ੍ਹਾਮੋਂ ਅਤੇ ਪੀਤੋ ਵਿੱਚ ਗੂੜ੍ਹੀ ਸਾਂਝ ਦਾ ਪਤਾ ਲਗਦਾ ਹੈ ? [3]

**Question 6**

Read the extract given below and answer in **Punjabi,** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਤੂੰ ਹਾਲੇ ਤਕੜਾ ਹੋ, ਦਿੰਦਾ ਰਹੀਂ ਪੈਸੇ, ਪੈਸਿਆਂ ਸਾਲਿਆਂ ਨੇ ਨਾਲ ਜਾਣੈ ?" ਦਰਬਾਰੇ ਦੀਆਂ ਅੱਖਾਂ ਸਿੰਮ ਆਈਆਂ। ਥੋੜ੍ਹੇ ਚਿਰ ਪਿੱਛੋਂ ਭਰੇ ਹੋਏ ਗੱਚ ਨਾਲ ਉਹ ਧੀਮਾ ਜਿਹਾ ਬੋਲਿਆ, "ਮਕਾਨ ਦਾ ਕੰਮ ਚੜ੍ਹ ਗਿਆ ਸਿਰੇ ?"

"ਥੋੜਾ ਜਿਹਾ ਟੀਪ-ਟੱਲਾ ਰਹਿੰਦੈ, ਸਮਿੰਟ ਥੁੜ੍ਹ ਗਿਆ।"

"ਮੈਨੂੰ ਤਾਂ ਸਹੁਰਾ ਸਰਪੰਚ ਭਖਾਉਂਦਾ ਰਿਹਾ, ਨਹੀਂ ਮੈਂ ਕਿਹੜਾ ਤੇਰਾ ਦੋਖੀ ਸੀ।"

**ਸਾਂਝੀ ਕੰਧ — ਸੰਤੋਖ ਸਿੰਘ ਧੀਰ**

**Sanjhi Kandh — Santokh Singh Dheer**

(i) ਦਰਬਾਰੇ ਅਤੇ ਕਪੂਰ ਸਿੰਘ ਵਿੱਚ ਕੀ ਰਿਸ਼ਤਾ ਸੀ ? [2]

(ii) ਦੋਹਾਂ ਦੀ ਆਰਥਿਕ ਸਥਿਤੀ ਕਿਹੋ ਜਿਹੀ ਸੀ ? [2]

(iii) ਸਰਪੰਚ ਦਾ ਕੀ ਨਾਂ ਸੀ ? ਉਸਨੇ ਕਿਸ ਦਾ ਸਾਥ ਦਿੱਤਾ ਅਤੇ ਕਿਉਂ ? [3]

(iv) ਕਹਾਣੀ ਦੇ ਅੰਤ ਵਿੱਚ ਕਪੂਰ ਸਿੰਘ ਦਾ ਦਰਬਾਰੇ ਦਾ ਹਾਲ ਚਾਲ ਪੁੱਛਣ ਜਾਣਾ ਸਹੀ ਸੀ ਜਾਂ ਨਹੀਂ ? ਆਪਣੇ ਵਿਚਾਰ ਪ੍ਰਗਟਾਓ। [3]

**Question 7**

Read the extract given below and answer in **Punjabi,** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਚਿੜੀਆਂ ਲੈ ਲਓ ਰੰਗ ਬਿਰੰਗੀਆਂ ਚਿੜੀਆਂ"। ਪਿੰਜਰੇ ਵਿੱਚ ਕਿੰਨੀਆਂ ਸਾਰੀਆਂ ਚਿੜੀਆਂ ਤਾੜੀ, ਨਿੱਕੇ-ਨਿੱਕੇ ਪਿੰਜਰਿਆਂ ਦਾ ਥੱਬਾ ਮੋਢੇ ਸੁੱਟੀ ਇੱਕ ਭਾਈ ਹੋਕਾ ਦੇ ਰਿਹਾ ਹੈ।

**ਰੱਬ ਤੇ ਰੁੱਤਾਂ — ਡਾ. ਦਲੀਪ ਕੌਰ ਟਿਵਾਣਾ**

**Rub Te Ruttan — Dr. Dalip Kaur Tiwana**

(i) ਰੱਬ ਧਰਤੀ ਤੇ ਕੀ ਬਣ ਕੇ ਆਉਂਦਾ ਹੈ ਤੇ ਉਹ ਕੀ ਦੇਖ ਕੇ ਘਬਰਾ ਜਾਂਦਾ ਹੈ ? [2]

(ii) ਰੱਬ ਧਰਤੀ ਤੇ ਕਿਉਂ ਆਇਆ ਸੀ ? [2]

(iii) ਮੰਦਰ ਦੇ ਬਾਹਰ ਆ ਕੇ ਰੱਬ ਨੇ ਕੀ ਵੇਖਿਆ ? [3]

(iv) ਅਜੋਕੇ ਸਮੇਂ ਵਿੱਚ ਮਨੁੱਖ ਰੁੱਤਾਂ ਨੂੰ ਕਿਉਂ ਨਹੀਂ ਮਾਣ ਰਿਹਾ ਤੇ ਕਿਹੜੇ-ਕਿਹੜੇ ਤਰੀਕਿਆਂ ਰਾਹੀਂ ਉਹ ਆਉਣ ਵਾਲੀ ਆਫ਼ਤ ਦਾ ਪਤਾ ਲਗਾ ਲੈਂਦਾ ਹੈ ? [3]

## ਕਾਵਿ-ਸੰਵੇਦਨਾ

## KAV-SAMVEDNA

### Question 8

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

''ਸਰੂਆਂ ਵਰਗੇ, ਸੋਨੇ ਵਰਗੇ, ਹੀਰੇ ਪੁੱਤਰ ਮਾਵਾਂ ਦੇ
ਚਾ ਜਿਹਨਾਂ ਦੇ ਮਿਲਣ ਵਾਸਤੇ, ਰੋਂਦੇ ਭੈਣ ਭਰਾਵਾਂ ਦੇ
ਬੁੱਢੇ ਬਾਪੂ ਖੜੇ ਉਡੀਕਣ, ਗੱਭਰੂ ਪੁੱਤ ਜਵਾਨਾਂ ਨੂੰ
ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ।''

**ਜੀਉਂਦੇ ਭਗਵਾਨ — ਨੰਦ ਲਾਲ ਨੂਰਪੁਰੀ**

**Jionde Bhagwan — Nand Lal Noorpuri**

(i) ਕਵੀ ਕਿਹੜੇ ਇਨਸਾਨਾਂ ਦੀ ਪੂਜਾ ਕਰਨ ਲਈ ਆਖ ਰਿਹਾ ਹੈ ? [2]

(ii) ਫ਼ੌਜੀਆਂ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ? [2]

(iii) ਉਪਰੋਕਤ ਕਾਵਿ-ਟੋਟੇ ਵਿੱਚ ਸ਼ਹੀਦਾਂ ਦੇ ਕਿਹੜੇ ਰਿਸ਼ਤੇ ਨਾਤਿਆਂ ਦੀ ਗੱਲ ਕੀਤੀ ਗਈ ਹੈ ? [3]

(iv) ਇਸ ਦੁਨੀਆਂ ਵਿੱਚ ਕਿਹੜੇ ਇਨਸਾਨਾਂ ਦਾ ਜਿਊਣਾ ਸਫ਼ਲ ਮੰਨਿਆ ਗਿਆ ਹੈ ? (ਕਵਿਤਾ ਦੇ ਅਧਾਰ ਤੇ ਦੱਸੋ) [3]

### Question 9

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

''ਇਸ ਜ਼ਰਖੇਜ਼ ਜ਼ਮੀਨ ਦੇ ਲੂੰ-ਲੂੰ ਫੁਟਿਆ ਜ਼ਹਿਰ
ਗਿੱਠ-ਗਿੱਠ ਚੜ੍ਹੀਆਂ ਲਾਲੀਆਂ, ਫੁੱਟ-ਫੁੱਟ ਚੜ੍ਹਿਆ ਕਹਿਰ
ਵਿਹੁ ਵਲਿੱਸੀ ਵਾ ਫਿਰ ਵਣ-ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ''

**ਅੱਜ ਆਖਾਂ ਵਾਰਿਸ਼ ਸ਼ਾਹ ਨੂੰ — ਅੰਮ੍ਰਿਤਾ ਪ੍ਰੀਤਮ**

**Ajj Aakhaan Waris Shah Nu — Amrita Pritam**

(i) ਪੰਜਾਬ ਦੀ ਉਪਜਾਊ ਧਰਤੀ ਕਿਸ ਤਰ੍ਹਾਂ ਦੀ ਹੋ ਗਈ ਹੈ ? [2]

(ii) 'ਵਿਹੁ ਵਲਿੱਸੀ 'ਵਾ' ਤੋਂ ਕੀ ਭਾਵ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? [2]

(iii) ਦੇਸ਼ ਦੀ ਵੰਡ ਨਾਲ ਕੀ ਕੁੱਝ ਵੰਡਿਆ ਗਿਆ ? [3]

(iv) 'ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ' ਤੋਂ ਕੀ ਭਾਵ ਹੈ ? [3]

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

''ਫਿਰ ਚੀਕ ਚਿਹਾੜਾ ਪਾਣਾ,
ਉੱਤੋਂ ਛੱਤੋ ਆ ਜਾਣਾ।
ਉਸ ਝੂਠੀ-ਮੂਠੀ ਕੁੱਟਣਾ,
ਅਸੀਂ ਝੂਠੀ-ਮੂਠੀ ਰੋਣਾ।
ਉਸ ਧੌਣ ਅਸਾਡੀ ਛੱਡਣੀ,
ਅਸਾਂ ਟੱਪ ਕੇ ਪਰ੍ਹੇ ਖਲੋਣਾ।

**ਛੱਤੋ ਦੀ ਬੇਰੀ — ਪ੍ਰੋ. ਮੋਹਨ ਸਿੰਘ**

**Chhatto Di Beri — Prof. Mohan Singh**

(i) ਕਵੀ ਪੁਰਾਣੇ ਬਚਪਨ ਦੇ ਦਿਨ ਕਿਵੇਂ ਯਾਦ ਕਰਦਾ ਹੈ ? [2]

(ii) ਅੱਜ ਦੇ ਮਨੁੱਖ ਵਿੱਚ ਕੀ ਤਬਦੀਲੀ ਆ ਗਈ ਹੈ ? [2]

(iii) ਕਵਿਤਾ ਦਾ ਸੰਦੇਸ਼ ਆਪਣੇ ਸ਼ਬਦਾਂ ਵਿੱਚ ਲਿਖੋ। [3]

(iv) ਉਪਰੋਕਤ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। [3]

## ਪਤਾਲ ਦੇ ਗਿੱਠਮੁਠੀਏ — ਜਸਬੀਰ ਭੁੱਲਰ

## PATAAL DE GITHMUTHIYE — JASBIR BHULLAR

**Question 11**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਏਧਰ ਕਿਧਰ ਲਈ ਜਾਨੈ ਸਾਨੂੰ ? ਕਿਸੇ ਨੇ ਪੁੱਛਿਆ।

'ਤੁਸੀਂ ਗਿੱਠਮੁਠੀਆ ਵੇਖਣਾ ਏ ਨਾਂ ?'' ਹਾਂ !'

'ਫੇਰ ਮੂੰਹ ਵਿੱਚ ਜ਼ੁਬਾਨ ਰੱਖੋ ਤੇ ਮੇਰੇ ਪਿੱਛੇ-ਪਿੱਛੇ ਤੁਰੇ ਆਓ।' 'ਪਰ ਨਵਾਂ ਖੂਹ ਤਾਂ ਦੂਜੇ ਪਾਸੇ ਐ।'

(i) ਉਪਰੋਕਤ ਸ਼ਬਦ ਕੌਣ ਕਿਸਨੂੰ ਬੋਲ ਰਿਹਾ ਹੈ ? [2]

(ii) ਸਾਰਿਆਂ ਨੂੰ ਕਿਹੜਾ ਪਾਤਰ ਕਿੱਥੇ ਲੈ ਜਾ ਰਿਹਾ ਸੀ ? [2]

(iii) ਪਾਣੀ ਕਿੱਥੇ ਆ ਗਿਆ ਸੀ ਤੇ ਸਾਰੇ ਕਿਉਂ ਉਦਾਸ ਹੋ ਗਏ ਸਨ ? [3]

(iv) ਗਿੱਠਮੁੱਠੀਆ ਦਿਖਾਉਣ ਵਾਲੇ ਪਾਤਰ ਨੇ ਕਿਹੜੀ ਕਹਾਣੀ ਸੁਣਾਈ ? ਵਿਸਥਾਰ ਸਹਿਤ ਲਿਖੋ। [3]

**Question 12**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਓ :—

"ਉਹ ਬੋਲਿਆ 'ਭਰਾਵਾ ਸਾਨੂੰ ਮੁਆਫ ਕਰੀਂ। ਸਾਨੂੰ ਪਤਾ ਨਹੀਂ ਸੀ ਕਿ ਇਹ ਰਾਜੇ ਦੇ ਦਾਦੇ ਦਾ ਬੁੱਤ ਐ।'

(i) ਉਪਰੋਕਤ ਸ਼ਬਦ ਕਿਸਨੇ, ਕਿਸਨੂੰ ਕਹੇ ? [2]

(ii) ਰਾਜੇ ਦੇ ਦਾਦੇ ਦੇ ਬੁੱਤ ਦਾ ਹੁਲੀਆ ਬਿਆਨ ਕਰੋ। [2]

(iii) ਬੁੱਤ ਦੇ ਨੇੜੇ ਪੱਥਰ ਦੇ ਉੱਤੇ ਕੀ ਲਿਖਿਆ ਸੀ ? [3]

(iv) ਕਿਹੜੇ ਬਾਘੇ ਨੇ ਕਿਹਨਾਂ ਨੂੰ ਦੇਸ਼ਧ੍ਰੋਹੀ ਕਿਹਾ ਸੀ ਤੇ ਕਿਉਂ ? [3]

**Question 13**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਓ :—

'ਲਗਰ ਗਿੱਠਮੁਠੀਏ ਨੂੰ ਸਾਹਮਣੇ ਵੇਖਕੇ ਦੋਵੇਂ ਬਹੁਤ ਖੁਸ਼ ਹੋਏ। ਉਹਨਾਂ ਲਗਰ ਦੇ ਸ਼ਰੀਰ ਨੂੰ ਟੋਹ ਕੇ ਵੇਖਿਆ। ਉਸਦੇ ਜ਼ਖਮ ਰਾਜੀ ਹੋ ਚੁੱਕੇ ਸਨ। ਲਗਰ ਹੱਸਿਆ ਤੇ ਫਿਰ ਖਿਸਕ ਕੇ ਉਹਨਾਂ ਦੇ ਕੋਲ ਗਿਆ।

(i) ਲਗਰ ਗਿੱਠਮੁਠੀਏ ਨੇ ਨਿੱਕੂ ਅਤੇ ਇੰਮੂ ਨੂੰ ਕੀ ਤਾਕੀਦ ਕੀਤੀ ਸੀ ? [2]

(ii) ਕੀ ਬੌਰੇ ਗਿੱਠਮੁਠੀਏ ਨੇ ਨਿੱਕੂ ਅਤੇ ਇੰਮੂ ਦੀ ਗੱਲ ਮੰਨ ਲਈ ਸੀ ? [2]

(iii) ਬੌਰਾ ਗਿੱਠਮੁਠੀਆ ਨਿੱਕੂ ਅਤੇ ਇੰਮੂ ਨੂੰ ਕਿਵੇਂ ਮਿਲਿਆ ? [3]

(iv) ਲਗਰ ਗਿੱਠਮੁਠੀਏ ਬਾਰੇ ਤੁਸੀਂ ਕੀ ਜਾਣਦੇ ਹੋ ? [3]

## ਮੰਚ-ਮਹਿਕ

## MANCH MEHAK

**Question 14**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਕੌਰਾਂ — ਬੇਬੇ, ਸੱਚ ਇਹ ਕੀ ਭੈੜਾ ਰਵਾਜ਼ ਪੈਂਦਾ ਜਾਂਦਾ ਏ, ਲੋਕੀ ਹੁਣ ਕੁੜੀਆਂ ਨੂੰ ਵੱਡਾ-ਵੱਡਾ ਕਰਕੇ ਵਿਆਹੁੰਦੇ ਨੇ ............।

ਬੁੱਢੀ — ਬੁੱਢੀਆਂ ਦਾ ਕੋਈ ਦੋਸ਼ ਨਹੀਂ, ਇਹ ਸਾਰਾ ਕੀੜਾ ਤਾਂ ਮਰਦਾਂ ਦੇ ਸਿਰ ਵਿੱਚ ਏ।

**ਸੁਹਾਗ — ਈਸ਼ਵਰ ਚੰਦਰ ਨੰਦਾ**

**Suhag — Ishwar Chander Nanda**

(i) ਉਪਰੋਕਤ ਵਾਰਤਾਲਾਪ ਕਿਸ ਬਾਰੇ ਵਿੱਚ ਹੋ ਰਹੀ ਹੈ ? [2]

(ii) ਕੌਰਾਂ ਤੇ ਬੁੱਢੀ ਪਿੰਡ ਦੀਆਂ ਕਿਹੜੀਆਂ ਉਦਾਹਰਨਾਂ ਦਿੰਦੀਆਂ ਹਨ ? [2]

(iii) ਇਸ ਇਕਾਂਗੀ ਵਿੱਚ ਲੇਖਕ ਨੇ ਕਿਸ ਸਮਾਜਿਕ ਸਮੱਸਿਆ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ? [3]

(iv) ਕੌਰਾਂ ਕੌਣ ਹੈ ਤੇ ਉਸਦਾ ਪਾਤਰ ਚਿਤਰਣ ਆਪਣੇ ਸ਼ਬਦਾਂ ਵਿੱਚ ਕਰੋ। [3]

**Question 15**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਲੀਲਾ — ਹਾਇ ਹਾਇ! ਹਨੇਰ ਪੈ ਜਾਏ। ਅੜੀਏ ਵਲਛਲ ਤਾਂ ਹੁਣ ਪੋਟੇ-ਪੋਟੇ ਤੇ ਹੋ ਗਏ ਨੇ। (ਰਘੁਨਾਥ ਜ਼ੋਰ ਨਾਲ ਖੰਘਦਾ ਹੈ) ਵੇਖਿਆ! ਖਸਮਾਂ ਖਾਣੀ ਪਿੱਛਾ ਨਹੀਂ ਛੱਡਦੀ।

ਬਿਮਲਾ — ਤੁਸੀਂ ਤਾਂ ਐਵੇਂ ਘਬਰਾ ਗਏ ਹੋ। ਡਾਕਟਰ ਸੱਦ ਕੇ ਟੀਕਾ ਲੁਆ ਲਏ। ਜ਼ਰਾ ਇਹਨਾਂ ਦਾ ਗਲਾ ਮਲ ਦੇਣਾ ਸੀ ਝੱਟ ਆਰਾਮ ਆ ਜਾਂਦਾ।

**ਦੁਸ਼ਮਣ — ਗੁਰਚਰਨ ਸਿੰਘ ਜਸੂਜਾ**

**Dushman — Gurcharan Singh Jasuja**

(i) ਲੀਲਾ ਤੇ ਬਿਮਲਾ ਦੀ ਕੀ ਰਿਸ਼ਤੇਦਾਰੀ ਹੈ ? [2]

(ii) ਰਘੁਨਾਥ ਕੌਣ ਹੈ ਤੇ ਇਸ ਸਮੇਂ ਉਹ ਕਿਸ ਬਿਮਾਰੀ ਦਾ ਸ਼ਿਕਾਰ ਹੈ ? [2]

(iii) ਇਕਾਂਗੀ ਵਿੱਚ ਕਿਹੜੀਆਂ-ਕਿਹੜੀਆਂ ਮਿਲਾਵਟਾਂ ਦਾ ਜ਼ਿਕਰ ਕੀਤਾ ਗਿਆ ਹੈ ? [3]

(iv) ਕੀ ਅੱਜ ਵੀ ਇਹ ਸਮੱਸਿਆ ਸਮਾਜ ਵਿੱਚ ਦੇਖਣ ਨੂੰ ਮਿਲਦੀ ਹੈ ਇਸ ਸੰਬੰਧੀ ਆਪਣੇ ਵਿਚਾਰ ਦਿਓ ? [3]

**Question 16**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਜੇਡੀ — ਬਈ ਆਪਾਂ ਨੂੰ ਤਾਂ ਕੋਈ ਬਹੁਤੀ ਬੰਦਿਸ਼ ਹੈ ਨੀ ਪੜ੍ਹੋ-ਪੜ੍ਹੋ ਨਾ ਪੜ੍ਹੋ ............. ਆਪਣਾ ਤਾਂ ਇੱਕ ਹੀ ਫਾਰਮੂਲਾ ਐ ਜ਼ਿੰਦਗੀ ਦਾ। ਬਾਕੀ ਦੇ ਕੰਮ ਬਾਅਦ 'ਚ ਪਹਿਲਾ ਸਿਹਤ ਜ਼ਰੂਰੀ ਐ।

ਨਿੱਕੀ — ਪਰ ਠੀਕ ਤਾਂ ਇਹ ਵੀ ਨਹੀਂ .......... ਪੜ੍ਹਨਾ ਤਾਂ ਚਾਹੀਦਾ ਹੀ ਹੈ ਨਾ। ਪੜ੍ਹ ਲਿਖ ਕੇ ਤਾਂ ਬੰਦੇ ਨੂੰ ਅਕਲ ਆਉਂਦੀ ਹੈ।

**ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ — ਪਾਲੀ ਭੁਪਿੰਦਰ**

**Phullaa Nu Kitaban Vich Na Rakho — Pali Bhupinder**

(i) ਉਪਰੋਕਤ ਵਾਰਤਾਲਾਪ ਕਿਸ ਵਿਸ਼ੇ ਬਾਰੇ ਹੋ ਰਹੀ ਹੈ ? [2]

(ii) ਬੱਚਿਆਂ ਲਈ ਪੜ੍ਹਾਈ ਕਿਉਂ ਜ਼ਰੂਰੀ ਹੈ ? [2]

(iii) ਜੇਡੀ ਕੌਣ ਹੈ ਤੇ ਇਸ ਇਕਾਂਗੀ ਵਿੱਚ ਉਹ ਕੀ ਭੂਮਿਕਾ ਨਿਭਾਅ ਰਿਹਾ ਹੈ ? [3]

(iv) ਇਸ ਇਕਾਂਗੀ ਦਾ ਸਿਰਲੇਖ ਢੁੱਕਵਾਂ ਹੈ ਜਾਂ ਨਹੀਂ ? ਵਿਸਥਾਰ ਸਹਿਤ ਲਿਖੋ। [3]